**ਮੀਟਿੰਗ ਦੀ ਕਾਰਵਾਈ- ਇਨਸੈਂਟਿਵ ਟੂ ਗਰਲਜ਼ ਫਾਰ ਸੈਕੰਡਰੀ ਐਜੂਕੇਸ਼ਨ ਪ੍ਰਧਾਨਗੀ ਡੀ.ਜੀ.ਐਸ.ਈ. ਮਿਤੀ 1.6.10 ਸਮਾਂ 10:00 ਵਜੇ ਸਥਾਨ ਡੀ.ਜੀ.ਐਸ.ਈ. ਦਫ਼ਤਰ ਕਾਨਫਰੰਸ ਰੂਮ ਸੈਕਟਰ-34 ਏ ਚੰਡੀਗੜ੍ਹ ।**

---

1.0 ਮੀਟਿੰਗ ਵਿੱਚ ਅਫ਼ਸਰਾਂ/ਜਿਲ੍ਹਾਂ ਪੱਧਰ ਤੇ ਤੈਨਾਤ ਕੋਆਰਡੀਨੇਟਰਾਂ ਦੀ ਹਾਜ਼ਰੀ (ੳ) ਅਨੁਲੱਗ ਅਨੁਸਾਰ ਹੈ।

2.0 ਮੀਟਿੰਗ ਦੀ ਸ਼ੁਰਆਤ ਕਰਦੇ ਹੋਏ ਡੀ.ਡੀ.ਪੀ. ਪਲਾਇੰਨਗ ਨੇ ਮੀਟਿੰਗ ਵਿੱਚ ਹਾਜ਼ਰ ਸਮੂਹ ਅਫਸਰਾਂ ਅਤੇ ਕੋਆਰਡੀਨੇਟਰਾਂ ਨੂੰ ਜੀ ਆਇਆ ਆਖਦੇ ਹੋਏ ਦੱਸਿਆ ਕਿ ਅੱਜ ਦੀ ਮੀਟਿੰਗ ਦਾ ਮੁੱਖ ਮਨੋਰਥ ਸਾਲ 2010-11 ਲਈ ਇਨਸੈਂਟਿਵ ਟੂ ਗਰਲਜ਼ ਫਾਰ ਸੈਕੰਡਰੀ ਐਜੂਕੇਸ਼ਨ ਦਾ ਜਿਲ੍ਹੇ ਪੱਧਰ ਤੇ ਪ੍ਰੋਪੋਜ਼ਲ ਤਿਆਰ ਕਰਨ ਹਿਤ ਜਰੂਰੀ ਗਾਈਡ ਲਾਇਨਜ਼ ਦੇਣਾ ਹੈ ਤਾਂ ਜ਼ੋ ਸਾਲ 2010-11 ਦੀ ਪ੍ਰੋਪੋਜ਼ਲ ਰਾਜ ਦੇ ਸਾਰੇ ਜਿਲ੍ਹਿਆਂ ਤੋਂ ਇਕ ਸਾਰ ਪ੍ਰਾਪਤ ਹੋਵੇ ਅਤੇ ਉਸ ਨੂੰ ਇੱਕਤਰ ਕਰਕੇ ਭਾਰਤ ਸਰਕਾਰ ਨੂੰ ਭੇਜ਼ ਕੇ ਇਸ ਸਕੀਮ ਤਹਿਤ ਜਲਦੀ ਫੰਡ ਪ੍ਰਾਪਤ ਕੀਤੇ ਜਾ ਸਕਣ । ਇਸ ਦੇ ਬਾਅਦ ਡੀ.ਡੀ.ਪੀ. ਵੱਲੋਂ ਮੁੱਖ ਦਫ਼ਤਰ ਵੱਲੋਂ ਤਿਆਰ ਕੀਤੀਆਂ ਗਾਈਡ ਲਾਈਨਜ਼ ਅਤੇ ਸਪਸ਼ਟੀਕਰਨਾ ਨੂੰ ਵਿਸਥਾਰ ਵਿੱਚ ਕੋਅਰਡੀਨੇਟਰਜ਼ ਨਾਲ ਡਿਸਕਸ ਕੀਤਾ ਅਤੇ ਕੋਅਰਡੀਨੇਟਰਾਂ ਵੱਲੋਂ ਪੁੱਛੇ ਨੁਕਤਿਆਂ ਬਾਰੇ ਸਪਸ਼ਟੀਕਰਨ ਦਿੱਤਾ।

3.0 ਡੀ.ਜੀ.ਐਸ.ਈ. ਜੀ ਵੱਲੋਂ ਮੀਟਿੰਗ ਵਿੱਚ ਹਾਜ਼ਰ ਅਫ਼ਸਰਾਂ/ਕੋਆਰਡੀਨੇਟਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਸਕੀਮ ਪਿਛਲੇ 2 ਸਾਲਾਂ ਤੋਂ ਚਲਦੀ ਆ ਰਹੀ ਹੈ ਅਤੇ ਇਸ ਤਹਿਤ ਪ੍ਰੋਪੋਜ਼ਲ ਤਿਆਰ ਕਰਕੇ ਪਿਛਲੇ ਸਾਲਾਂ ਦੀ ਤਰ੍ਹਾਂ ਹੀ ਭਾਰਤ ਸਰਕਾਰ ਨੂੰ ਭੇਜੀ ਜਾਣੀ ਹੈ। ਇਸ ਲਈ ਜੋ ਪ੍ਰੋਫੋਰਮੇ ਇਸ ਸਾਲ ਭਰੇ ਜਾਣੇ ਹਨ ਉਹਨਾਂ ਨੂੰ ਭਰਨ ਵਿੱਚ ਕੋਆਰਡੀਨੇਟਰਾਂ ਨੂੰ ਕੋਈ ਔਕੜ ਪੇਸ਼ ਨਹੀ ਆਉਣੀ ਚਾਹੀਦੀ ਅਤੇ ਇਹ ਕੰਮ ਸਾਨੂੰ ਜਲਦੀ ਤੋਂ ਜਲਦੀ ਨਿਪਟਾਂ ਕੇ ਭਾਰਤ ਸਰਕਾਰ ਨੂੰ ਭੇਜ਼ ਦੇਣਾ ਚਾਹੀਦਾ ਹੈ ਤਾਂ ਜੋ ਇਸ ਸਕੀਮ ਤਹਿਤ ਫੰਡ ਪ੍ਰਾਪਤ ਕਰਕੇ ਲਾਭਪਾਤਰੀਆਂ ਨੂੰ ਦਿੱਤੇ ਜਾ ਸਕਣ । ਉਹਨਾਂ ਨੇ ਹਾਜ਼ਰ ਕੋਆਰਡੀਨੇਟਰਾਂ ਪਾਸੋ ਇਹ ਪੁੱਛਿਆ ਕਿ ਕਿੰਨੇ ਕੋਅਰਡੀਨੇਟਰ ਨਵੇਂ ਹਨ ਜਿਨ੍ਹਾਂ ਵੱਲੋਂ ਪਿਛਲੇ ਸਾਲ ਇਸ ਸਕੀਮ ਤਹਿਤ ਜਿਲ੍ਹੇ ਦੀ ਪ੍ਰੋਪੋਜ਼ਲ ਤਿਆਰ ਕਰਨ ਤਹਿਤ ਕੰਮ ਨਹੀ ਕੀਤਾ ਗਿਆ। ਇਸ ਤੇ 20 ਕੋਆਰਡੀਨੇਟਰਾਂ ਵਿੱਚੋਂ ਲੱਗ-ਭੱਗ 10 ਕੋਆਰਡੀਨੇਟਰਾਂ ਨੇ ਡੀ.ਜੀ.ਐਸ.ਈ. ਨੂੰ ਦੱਸਿਆ ਕਿ ਉਹਨਾਂ ਨੂੰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਵੱਲੋਂ ਬਤੌਰ ਕੋਆਰਡੀਨੇਟਰ ਇਸੇ ਸਾਲ ਡਿਊਟੀ ਲਗਾਈ ਗਈ ਹੈ। ਇਸ ਤੇ ਡੀ.ਜੀ.ਐਸ.ਈ. ਜੀ ਨੇ ਡਿਪਟੀ ਡਾਇਰੈਕਟਰ(ਪਲਾਨਿੰਗ) ਨੂੰ ਅਦੇਸ਼ ਦਿੱਤੇ ਕਿ ਜਿਨ੍ਹਾਂ ਜਿਲ੍ਹਿਆਂ ਵਿੱਚ ਇਸ ਸਕੀਮ ਤਹਿਤ ਕੋਆਰਡੀਨੇਟਰ ਬਦਲੇ ਗਏ ਹਨ ਉਸ ਦਾ ਕਾਰਨ ਸੰਬਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਪਾਸੋ ਪੁੱਛਿਆ ਜਾਵੇ ਅਤੇ ਇਸ ਬਾਰੇ ਉਹਨਾਂ ਨੂੰ ਜਾਣੂ ਕਰਵਾਇਆ ਜਾਵੇ।

4.0 ਲੜਕੀਆਂ ਦੇ ਇਸ ਸਕੀਮ ਤਹਿਤ ਬੈਂਕ ਅਕਾਊਂਟ ਖੋਲਣ ਦੇ ਮੁੱਦੇ ਨੂੰ ਘੋਖਦੇ ਹੋਏ ਡੀ.ਜੀ.ਐਸ.ਈ. ਜੀ ਨੂੰ ਕੋਆਰਡੀਨੇਟਰਾਂ ਨੇ ਦੱਸਿਆ ਕਿ ਪਿਛਲੇ ਸਾਲਾਂ ਦੋਰਾਨ ਇੱਕ ਵੱਡੇ ਸਕੂਲ ਨੂੰ ਬਤੌਰ ਕਲਸਟਰ ਸਕੂਲ ਮੰਨ ਕੇ ਨਜ਼ਦੀਕ ਦੇ ਸਕੂਲ ਦੇ ਬੱਚੇ ਵੀ ਉਸੇ ਸਕੂਲ ਵਿਖੇ ਆ ਜਾਂਦੇ ਸਨ ਅਤੇ

(ਚਲਦਾ)

ਬੈਂਕ ਦੇ ਕਰਮਚਾਰੀ ਉਸ ਸਕੂਲ ਵਿਖੇ ਆ ਕੇ ਬੱਚਿਆ ਦੇ ਇਸ ਸਕੀਮ ਲਈ ਅਕਾਊਂਟ ਖੋਲਦੇ ਸਨ। ਇਸ ਤੋਂ ਇਲਾਵਾ ਕੁਝ ਬੈਂਕਾਂ ਵੱਲੋਂ ਅਜਿਹਾ ਵੀ ਨਹੀ ਕੀਤਾ ਗਿਆ ਉਹਨਾਂ ਨੇ ਬੱਚਿਆਂ ਨੂੰ ਬੈਂਕ ਵਿਖੇ ਬੁਲਾ ਕੇ ਹੀ ਬੈਂਕ ਅਕਾਊਂਟ ਖੋਲੇ ਹਨ। ਇਸ ਦਾ ਡੀ.ਜੀ.ਐਸ.ਈ. ਜੀ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਕਿਉਂਕਿ ਇਸ ਨਾਲ ਬੱਚਿਆਂ ਦੀ ਪੜ੍ਹਾਈ ਤੇ ਸਕੂਲ ਛੱਡਣ ਕਾਰਨ ਮਾੜਾ ਅਸਰ ਪੈਂਦਾ ਹੈ ਅਤੇ ਬੱਚਿਆਂ ਨੂੰ ਬੈਂਕ ਵਿੱਚ ਜਾ ਕੇ ਅਕਾਊਂਟ ਖੁਲਵਾਉਣ ਲਈ ਮੁਸਕਿਲ ਪੇਸ਼ ਆਉਂਦੀ ਹੈ। ਇਸ ਤੇ ਡੀ.ਜੀ.ਐਸ.ਈ. ਜੀ ਨੇ ਸਟੇਟ ਬੈਂਕ ਆਫ ਇੰਡੀਆਂ ਸੈਕਟਰ 17, ਚੰਡੀਗੜ੍ਹ ਦੇ ਹਾਜ਼ਰ ਸੀਨੀਅਰ ਮੈਨੇਜਰ ਨੂੰ ਅਦੇਸ਼ ਦਿੱਤੇ ਕਿ ਉਹ ਆਪਣੇ ਪੱਧਰ ਤੇ ਇਹ ਕੇਸ ਉਚੇਰੀ ਬੈਂਕ ਅਥਾਰਟੀ ਨਾਲ ਟੇਕ-ਅੱਪ ਕਰਨ ਅਤੇ  ਜਾਂ ਤਾਂ ਬੈਂਕ ਅਕਾਓਂਟ ਖੋਲਣ ਦਾ ਕੰਮ ਕਿਸੇ ਪ੍ਰਾਈਵੇਟ ਏਜੰਸੀ ਨੂੰ ਦਿੱਤਾ ਜਾਵੇ  ਜਾਂ ਕਿਸੇ ਬੈਂਕ ਕਰਮਚਾਰੀ ਦੀ ਡਿਊਟੀ ਲਗਾਈ ਜਾਵੇ ਉਹ ਸਕੂਲ ਵਿਖੇ ਜਾ ਕੇ ਬੱਚਿਆ ਦਾ ਬੈਂਕ ਅਕਾਓਂਟ ਖੋਲਣ।

**5.0** ਡੀ.ਜੀ.ਐਸ.ਈ. ਜੀ ਵੱਲੋਂ ਹਾਜ਼ਰ ਕੋਆਰਡੀਨੇਟਰਾਂ ਨੂੰ ਇਹ ਵੀ ਅਦੇਸ਼ ਦਿੱਤੇ ਗਏ ਕਿ ਜਿਲ੍ਹੇ ਦੀ ਇਸ ਸਕੀਮ ਤਹਿਤ ਪ੍ਰੋਪੋਜ਼ਲ ਅਤੇ ਬੈਂਕ ਅਕਾਊਂਟ ਅਤੇ ਮਿਤੀ 31.7.10 ਤੱਕ ਹਰ ਪੱਖੋ ਮੁਕੰਮਲ ਕਰ ਲੈਣ ਅਤੇ ਮਿਤੀ 2.8.10 ਨੂੰ ਇਹ ਪ੍ਰੋਪੋਜ਼ਲ (4 ਪ੍ਰਫੋਰਮੇ) ਤਿਆਰ ਕਰਕੇ ਇਸ ਦਫ਼ਤਰ ਵਿਖੇ ਪੁੱਜਦੀ ਕਰਨਗੇ। ਪ੍ਰੋਪੋਜ਼ਲ ਤਿਆਰ ਕਰਨ ਹਿਤ ਅਤੇ ਬੈਂਕ ਅਕਾਊਂਟ ਖੋਲਣ ਵਿੱਚ ਜੇ ਕੋਈ ਔਕੜ ਪੇਸ਼ ਆਉਂਦੀ ਹੈ ਤਾਂ ਉਹ ਸਿੱਧੇ ਤੌਰ ਡੀ.ਡੀ.ਪੀ. ਅਤੇ ਸੀਨੀਅਰ ਮੈਨੇਜਰ ਐਸ.ਬੀ.ਆਈ. ਨਾਲ ਟੈਲੀਫੋਨ ਰਾਹੀ ਸੰਪਰਕ ਕਰਨਗੇ ਅਤੇ ਇਸ ਮੰਤਵ ਲਈ ਡੀ.ਡੀ.ਪੀ. ਅਤੇ ਸੀਨੀਅਰ ਮੈਨੇਜਰ ਸਟੇਟ ਬੈਂਕ ਆਫ ਇੰਡੀਆਂ ਦੇ ਮੋਬਾਇਲ ਨੰਬਰ ਉਹਨਾਂ ਨੂੰ ਨੋਟ ਕਰਵਾ ਦਿੱਤੇ ਗਏ।

**6.0** ਡੀ.ਜੀ.ਐਸ.ਈ. ਜੀ ਨੇ ਇਹ ਵੀ ਹੁਕਮ ਦਿੱਤੇ ਕਿ ਸਕੀਮ ਦੇ ਪ੍ਰਫੋਰਮੇਆਂ ਦੇ ਅਨੈਕਸਚਰ 3 ਭਰਨ ਤਹਿਤ ਰਾਜ ਦਾ ਅਤੇ ਜਿਲ੍ਹੇ ਦਾ ਕੋਡ ਵੀ ਇਸ ਦਫ਼ਤਰ ਤੋਂ ਹੀ ਕੋਆਰਡੀਨੇਟਰ ਨੂੰ ਮੁਹੱਈਆ ਕੀਤਾ ਜਾਵੇਗਾ(ਰਾਜ ਅਤੇ ਜਿਲ੍ਹੇ ਦਾ ਕੋਡ (ਅ) ਅਨੁਲਗ ਨਾਲ ਨੱਥੀ ਕੀਤਾ ਜਾਂਦਾ ਹੈ)।ਇਸ ਤੋਂ ਇਲਾਵਾਂ ਪਿਛਲੇ ਸਾਲ ਦੀ ਤਰ੍ਹਾਂ ਪ੍ਰਫੋਰਮਾਂ 1-ਏ ਵੀ ਪ੍ਰੋਪੋਜ਼ਲ ਤਿਆਰ ਕਰਨ ਸਮੇ ਭਰਿਆ ਜਾਣਾ ਹੈ (ਪ੍ਰਫੋਰਮੇ ਦੀ ਕਾਪੀ (ੲ) ਅਨੁਲਗ ਤੇ ਹੈ) ।

**7.0** ਕੋਆਰਡੀਨੇਟਰਾਂ ਵੱਲੋਂ ਪ੍ਰੋਪੋਜ਼ਲ ਤਿਆਰ ਕਰਨ ਤਹਿਤ ਆਉਣ ਵਾਲੀਆਂ ਮੁਸ਼ਕਿਲਾਂ ਦੇ ਸਬੰਧ ਵਿੱਚ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਪ੍ਰੋਪੋਜ਼ਲ ਨੂੰ ਤਿਆਰ ਕਰਨ ਹਿਤ ਜਿਲ੍ਹਾ ਸਿੱਖਿਆ ਅਫ਼ਸਰਾਂ (ਸੈ.ਸਿੱ.) ਵੱਲੋਂ ਇਕ ਕੰਮਪਿਊਟਰ ਅਪਰੇਟਰ ਕੋਆਰਡੀਨੇਟਰਜ਼ ਨੂੰ ਪ੍ਰੋਪੋਜ਼ਲ ਤਿਆਰ ਕਰਨ ਸਮੇਂ ਦਿੱਤਾ ਜਾਵੇਗਾ ਤਾਂ ਜੋ ਉਹ ਪ੍ਰੋਪੋਜ਼ਲ ਸਮੇਂ ਸਿਰ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜ ਸਕਣ। ਇਸ ਤੋਂ ਇਲਾਵਾ ਇਹ ਸਕੀਮ ਆਰ.ਐਮ.ਐਸ.ਏ. ਦੇ ਤਹਿਤ ਕਵਰ ਹੁੰਦੀ ਹੈ। ਇਸ ਲਈ ਆਰ.ਐਮ.ਐਸ.ਏ. ਦੀਆਂ ਗਾਈਡ ਲਾਈਨਾਂ ਅਨੁਸਾਰ ਹੀ ਕੋਆਰਡੀਨੇਟਰਾਂ ਨੂੰ ਟੀ.ਏ. ਡੀ.ਏ. ਅਤੇ ਹੋਰ ਭੱਤੇ ਦਿੱਤੇ ਜਾਣ ।

ਡਿਪਟੀ ਡਾਇਰੈਕਟਰ (ਪਲਾਨਿੰਗ)

## ਅਨੁਲੱਗ (ੳ)
## ਮੀਟਿੰਗ ਵਿੱਚ ਹਾਜ਼ਰ ਅਫ਼ਸਰਾਂ/ਜਿਲ੍ਹਾ ਕੋਆਰਡੀਨੇਟਰਾਂ ਦੀ ਸੂਚੀ

| ਲੜੀ ਨੰ: | ਜਿਲ੍ਹਾ/ਦਫ਼ਤਰ | ਨਾਮ | ਅਹੁਦਾ |
|---|---|---|---|
| 1 | ਡੀ.ਪੀ.ਆਈ.(ਸੈ.ਸਿੱ.)ਪੰਜਾਬ | ਸ੍ਰੀ ਰਾਜਬੀਰ ਸਿੰਘ | ਕੋਅਰਡੀਨੇਟਰ |
| 2 | ਐਸ.ਬੀ.ਆਈ.(ਰੂਲਰ ਬੈਕਿੰਗ ਬਰਾਂਚ) ਸੈਕਟਰ 17, ਚੰਡੀਗੜ੍ਹ | ਸ੍ਰੀ ਜਾਵੇਦ ਰਤਨ | ਸੀਨੀਅਰ.ਮੈਂਨੇਜਰ |
| 3 | ਅੰਮ੍ਰਿਤਸਰ | ਸ੍ਰੀਮਤੀ ਦਿਆਲ ਕੌਰ | ਡਿਪਟੀ ਡੀ.ਈ.ਓ. |
| 4 | ਬਠਿੰਡਾ | ਸ੍ਰੀਮਤੀ ਪਰੋਮਿਤਾ | ਸੀਨੀਅਰ ਅਸਿਸ਼ਟੈਂਟ |
| 5 | ਬਰਨਾਲਾ | ਸ੍ਰੀ ਨਰੇਸ਼ ਕੁਮਾਰ | ਲੈਕਚਰਾਰ ਕਮਰਸ |
| 6 | ਫਤਿਹਗੜ੍ਹ ਸਾਹਿਬ | ਸ੍ਰੀ ਅਵਤਾਰ ਸਿੰਘ | ਲੈਕਚਰਾਰ ਕਮਰਸ |
| 7 | ਫਿਰੋਜ਼ਪੁਰ | ਸ੍ਰੀ ਸੁਮਿਤ ਗਲਹੋਤਰਾ | ਸਾਇੰਸ ਟੀਚਰ |
| 8 | ਫਰੀਦਕੋਟ | ਸ੍ਰੀ ਧਰਮਵੀਰ ਸਿੰਘ | ਲੈਕਚਰਾਰ ਕਮਰਸ |
| 9 | ਗੁਰਦਾਸਪੁਰ | ਸ੍ਰੀ ਪ੍ਰੇਮ ਭਗਤ | ਡਿਪਟੀ ਡੀ.ਈ.ਓ. |
| 10 | ਹੁਸ਼ਿਆਰਪੁਰ | ਸ੍ਰੀ ਵਿਨੋਦ ਕੁਮਾਰ | ਪ੍ਰਿੰਸੀਪਲ ਗੌ.ਸ.ਸ.ਸ |
| 11 | ਜਲੰਧਰ | ਸ੍ਰੀ ਲੇਖ ਚੰਦ | ਜੂਨੀਅਰ ਆਸ਼ਿਸ਼ਟੈਂਟ |
| 12 | ਕਪੂਰਥਲਾ | ਸ੍ਰੀ ਸੁਰੇਸ਼ ਗੁਪਤਾ | ਲੈਕਚਰਾਰ ਕਮਰਸ |
| 13 | ਲੁਧਿਆਣਾ | ਸ੍ਰੀ ਰਣਜੀਤ ਸਿੰਘ | ਡਿਪਟੀ ਡੀ.ਈ.ਓ. |
| 14 | ਮਾਨਸਾ | ਸ੍ਰੀ ਪ੍ਰਾਗ ਸਿੰਗਲਾ | ਏ.ਡੀ.ਐਸ.ਐਸ. |
| 15 | ਮੋਗਾ | ਸ੍ਰੀ ਜਤਿੰਦਰਪਾਲ ਸਿੰਘ | ਕੋਆਰਡੀਨੇਟਰ |
| 16 | ਮੁਕਤਸਰ | ਸ੍ਰੀ ਸੁਵਿੰਦਰਪਾਲ ਸਿੰਘ | ਲੈਕਚਰਾਰ ਕਮਰਸ |
| 17 | ਮੋਹਾਲੀ | ਸ੍ਰੀਮਤੀ ਕਸ਼ਮੀਰ ਕੌਰ | ਡਿਪਟੀ ਡੀ.ਈ.ਓ. |
| 18 | ਨਵਾਂਸ਼ਹਿਰ | ਸ੍ਰੀ ਹਰਜਿੰਦਰ ਸਿੰਘ | ਡੀ.ਆਰ.ਪੀ. |
| 19 | ਪਟਿਆਲਾ | ਡਾ ਨਛੱਤਰ ਸਿੰਘ | ਡਿਪਟੀ ਡੀ.ਈ.ਓ. |
| 20 | ਰੋਪੜ | ਸ੍ਰੀ ਧਰਮਪਾਲ | |
| 21 | ਸੰਗਰੂਰ | ਸ੍ਰੀ ਕਸ਼ਮੀਰ ਸਿੰਘ | ਕੋਆਰਡੀਨੇਟਰ |
| 22 | ਤਰਨ-ਤਾਰਨ | ਸ੍ਰੀ ਧਰਮਿੰਦਰਪਾਲ ਸਿੰਘ | ਕੋਆਰਡੀਨੇਟਰ |
| 23 | ਮੋਹਾਲੀ | ਅਮਰ ਸਿੰਘ | ਡੀ.ਪੀ.ਸੀ. |
| 24 | ਐਸ.ਐਸ.ਏ. ਆਫਿਸ, ਚੰਡੀਗੜ੍ਹ | ਅਪਾਰ ਸਿੰਘ | ਏ.ਓ./ਡੀ.ਈ.ਓ. |
| 25 | ਐਸ.ਐਸ.ਏ. ਆਫਿਸ, ਚੰਡੀਗੜ੍ਹ | ਸ੍ਰੀ ਕੁਲਮੋਹਨ ਸੂਦ | ਡੀ.ਡੀ.ਪਲਾਨਿੰਗ |

ਸਟੇਟ ਬੈਂਕ ਆਫ ਇੰਡੀਆਂ ਵਿੱਚ ਬੱਚਿਆਂ ਦੇ ਖਾਤੇ ਖੁਲਵਾਉਣ ਲਈ ਸਟੇਟ/ਜਿਲ੍ਹਾ ਕੋਡ

| **ਸਟੇਟ ਕੋਡ** | **ਜਿਲ੍ਹੇ ਦਾ ਨਾਮ** | **ਜਿਲ੍ਹੇ ਦਾ ਕੋਡ** |
|---|---|---|
| 32 | ਅੰਮ੍ਰਿਤਸਰ | 310 |
| 32 | ਬਠਿੰਡਾ | 304 |
| 32 | ਬਰਨਾਲਾ | 125 |
| 32 | ਫਤਿਹਗੜ੍ਹ ਸਾਹਿਬ | 318 |
| 32 | ਫਿਰੋਜ਼ਪੁਰ | 306 |
| 32 | ਫਰੀਦਕੋਟ | 336 |
| 32 | ਗੁਰਦਾਸਪੁਰ | 312 |
| 32 | ਹੁਸ਼ਿਆਰਪੁਰ | 332 |
| 32 | ਜਲੰਧਰ | 320 |
| 32 | ਕਪੂਰਥਲਾ | 314 |
| 32 | ਲੁਧਿਆਣਾ | 330 |
| 32 | ਮਾਨਸਾ | 316 |
| 32 | ਮੋਗਾ | 322 |
| 32 | ਮੁਕਤਸਰ | 324 |
| 32 | ਮੋਹਾਲੀ | 121 |
| 32 | ਨਵਾਂਸ਼ਹਿਰ | 326 |
| 32 | ਪਟਿਆਲਾ | 300 |
| 32 | ਰੋਪੜ | 334 |
| 32 | ਸੰਗਰੂਰ | 302 |
| 32 | ਤਰਨ-ਤਾਰਨ | 123 |